# ਹੜ੍ਹ ਪੀੜਤ ਇਲਾਕਿਆਂ ਦੇ ਬਚਾਅ ਦਾ ਸਥਾਈ ਹੱਲ ਟਾਂਗਰੀ ਤੇ ਘੱਗਰ ਦੀ ਖੁਦਾਈ ਕਰਨੀ ਤੇ ਪੱਕੇ ਬੰਨ੍ਹ ਬੰਨ੍ਹਣਾ ਹੈ : ਗਿ: ਜਾਚਕ





ਦੇਵੀਗੜ੍ਹ-(ਰਣਜੀਤ ਸਿੰਘ)- ਦੇਵੀਗੜ੍ਹ ਦੇ ਆਸ ਪਾਸ ਦੇ ਹੜ੍ਹ ਪੀੜਤ ਇਲਾਕਿਆਂ ਦੇ ਲਗਭਗ 20 ਪਿੰਡਾਂ ਦਾ ਦੌਰਾ ਕਰਨ ਅਤੇ ਨਗਰਾਂ ਦੇ ਪੰਚਾਂ ਸਰਪੰਚਾਂ ਨੂੰ ਮਿਲਣ ਉਪਰੰਤ ਅਸੀਂ ਇਸ ਨਤੀਜੇ ਤੇ ਪਹੁੰਚੇ ਹਾਂ ਕਿ ਇਸ ਏਰੀਏ ਨੂੰ ਹੜ੍ਹਾਂ ਦੇ ਮਾਰੂ ਪ੍ਰਭਾਵ ਤੋਂ ਬਚਾਉਣ ਦਾ ਸਥਾਈ ਹੱਲ ਟਾਂਗਰੀ ਤੇ ਘੱਗਰ ਦੀ ਖੁਦਾਈ ਕਰਨੀ ਤੇ ਪੱਕੇ ਬੰਨ੍ਹ ਬੰਨ੍ਹਣਾ ਹੈ । ਸਾਰੇ ਇਲਾਕਾ ਨਿਵਾਸੀਆਂ ਨੇ ਇੱਕ ਜ਼ਬਾਨ ਕਿਹਾ ਕਿ ਸਾਡਾ ਪਸ਼ੂਆਂ ਦੇ ਚਾਰੇ ਅਤੇ ਦੋ ਡੰਗਾਂ ਦੇ ਖਾਣੇ ਨਾਲ ਨਹੀ ਸਰਨਾ । ਕਿਉਂਕਿ, ਸਾਨੂੰ ਤਾਂ ਹਰ ਸਾਲ ਇਹ ਮਾਰ ਸਹਿਣੀ ਪੈਂਦੀ ਹੈ । ਅਸੀਂ ਤਾਂ ਇਸ ਦਾ ਪੱਕਾ ਹੱਲ ਚਹੁੰਦੇ ਹਾਂ । ਇਹ ਸ਼ਬਦ ਸ਼੍ਰੋਮਣੀ ਅਕਾਲੀ ਦਲ (ਯੂ. ਕੇ.) ਦੀ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਗਿਆਨੀ ਜਗਤਾਰ ਸਿੰਘ ਜਾਚਕ ਜੀ ਨੇ ਕਹੇ, ਜਿਹੜੇ ਆਪਣੀ ਟੀਮ ਨਾਲ ਇਸ ਇਲਾਕੇ ਦਾ ਦੌਰਾ ਕਰਨ ਆਏ ਸਨ । ਸ਼੍ਰੋਮਣੀ ਖਾਲਸਾ ਪੰਚਾਇਤ (ਇੰਟਰਨੈਸ਼ਨਲ) ਦੇ ਮੁਖੀ ਗਿਆਨੀ ਗੁਰਦੇਵ ਸਿੰਘ ਬਟਾਲਵੀ, ਮੇਜਰ ਸਿੰਘ ਪੱਟੀ ਅਤੇ ਕਿਸਾਨ ਹਿਤਕਾਰੀ ਸ੍ਰ: ਦਲਜੀਤ ਸਿੰਘ ਲੁਧਿਆਣਾ ਵੀ ਉਨ੍ਹਾਂ ਦੇ ਨਾਲ ਸਨ । ਸ੍ਰ: ਦਲਜੀਤ ਸਿੰਘ ਜੀ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਪੰਜਾਬ ਸਰਕਾਰ ਦੇ ਮੰਤਰੀ ਤੇ ਅਧਿਕਾਰੀਆਂ ਨੇ ਇਨ੍ਹਾਂ ਇਲਾਕਿਆਂ ਦੇ ਦੌਰੇ ਤਾਂ ਜ਼ਰੂਰ ਕੀਤੇ ਹਨ । ਪਰ, ਬਹੁਤੇ ਪ੍ਰਭਾਵਤ ਇਲਾਕਿਆਂ ਤੱਕ ਕੋਈ ਰਾਹਤ ਨਹੀ ਪਹੁੰਚੀ। ਜਿਵੇਂ ਟਾਂਗਰੀ ਦੇ ਟੁੱਟੇ ਬੰਨ੍ਹ ਦੇ ਲਾਗਲੇ ਪਿੰਡ ਅਲੀਪੁਰ ਵਜ਼ੀਰ ਸਾਹਿਬ, ਮਗਰ ਸਾਹਿਬ, ਖਾਂਸਿਆਂ, ਰੱਤਾ ਖੇੜਾ ਅਤੇ ਕਛਵਾ ਆਦਿਕ ਪਿੰਡਾਂ ਵਿੱਚ ਕਿਸੇ ਪ੍ਰਕਾਰ ਦੀ ਕੋਈ ਰਾਹਤ ਸਮਗਰੀ ਨਹੀ ਪਹੁੰਚੀ । ਕਿਸੇ ਮੰਤਰੀ ਜਾਂ ਸਰਕਾਰੀ ਅਧਿਕਾਰੀ ਨੇ ਜਾ ਕੇ ਲੋਕਾਂ ਦੀ ਸਾਰ ਨਹੀ ਲਈ । ਸੁਰਜੀਤ ਸਿੰਘ, ਸਰਵਣ ਸਿੰਘ, ਦਲੇਰ ਸਿੰਘ ਆਦਿਕ ਕਿਸਾਨਾਂ ਦਾ ਕਹਿਣਾ ਹੈ ਕਿ ਮੰਤਰੀ ਸਾਹਿਬ ਦੇਵੀਗੜ੍ਹ ਤੇ ਦੂਧਨ ਤੱਕ ਪਹੁੰਚਦੇ ਤੇ ਫੋਟੋ ਖਿਚਾ ਕੇ ਚਲੇ ਜਾਂਦੇ ਹਨ ।

# ਪ੍ਰਗਤੀਸ਼ੀਲ ਲਿਖਾਰੀ ਸਭਾ ਦੀ 75ਵੀਂ ਵਰ੍ਹੇ-ਗੰਢ ਸਮੇਂ ਰੈਡਿੰਗ ਵਿਖੇ ਕਵੀ ਦਰਬਾਰ



**ਕਵੀ ਦਰਬਾਰ ਮੌਕੇ ਕਵੀ ਯਾਦਗਰੀ ਤਸਵੀਰ ਖਿਚਵਾਉਂਦੇ ਹੋਏ** ਰਾਹੀਂ ਮਨਪ੍ਰੀਤ ਸਿੰਘ ਬੱਧਨੀ ਕਲਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) : ਪ੍ਰਗਤੀਸ਼ੀਲ ਲਿਖਾਰੀ ਸਭਾ ਰੈਡਿੰਗ ਵਲੋਂ ਹਰ ਸਾਲ ਦੀ ਤਰਾਂ ਇਸ ਸਾਲ ਵੀ ਇੰਡੀਅਨ ਕਮਿਉਨਟੀ ਸੈਂਟਰ ਰੈਡਿੰਗ ਵਿਖੇ ਕਵੀ ਦਰਬਾਰ ਕਰਵਾਇਆ ਗਿਆ । ਇਸ ਸਾਲ ਦਾ ਕਵੀ ਦਰਬਾਰ ਪ੍ਰਗਤੀਸ਼ੀਲ ਲਿਖਾਰੀ ਸਭਾ ਦੀ 75ਵੀਂ ਵਰ੍ਹੇ-ਗੰਢ ਸਮੇਂ ਰੈਡਿੰਗ ਦੇ ਏਸ਼ੀਅਨ ਆਰਟ ਹਫਤੇ ਮੌਕੇ ਮਨਾਇਆ ਗਿਆ । ਜਿਸ ਦੀ ਪ੍ਰਧਾਨਗੀ ਪੰਜਾਬੀ ਦੇ ਮਸ਼ਹੂਰ ਲਿਖਾਰੀ ਸੰਤੋਖ ਸਿੰਘ ਸੰਤੋਖ ਨੇ ਕੀਤੀ। ਕਵੀ ਦਰਬਾਰ ਵਿਚ ਗੁਲਜ਼ਾਰ ਸਿੰਘ ਅੰਮ੍ਰਿਤ, ਸਾਥੀ ਲੁਧਿਆਨਵੀ, ਸੋਹਨ ਰਾਹੀ, ਚਮਨ ਲਾਲ ਚਮਨ, ਦਵਿੰਦਰ ਨੌਰਾ, ਸਤਪਾਲ ਡੁਲਕੂ ਕਵੈਂਟਰੀ, ਸ੍ਰੀ ਰਾਮ ਸ਼ਰਮਾ ਮੀਤ ਸਲੋਹ, ਰਘਬੀਰ ਸਿੰਘ ਰਾਹੀ ਸਾਊਥਹੈਂਪਟਨ, ਤਰਸੇਮ ਲਾਲ ਮਾਲ, ਚੋਧਰੀ ਰਾਜਿੰਦਰ ਨਿੱਝਰ, ਅਸ਼ਵਨੀ ਕੁਮਾਰ ਗੁਪਤਾ, ਗੁਰਚਰਨ ਸਿੰਘ ਗਰੇਵਾਲ, ਅਰਨ ਗੈਹਲੋਟ ਆਦਿ ਨੇ ਹਿੱਸਾ ਲਿਆ, ਸਟੇਜ ਦੀ ਕਾਰਵਾਈ ਸਕੱਤਰ ਨਰਿੰਦਰ ਸਿੰਘ ਪੰਧੇਰ ਨੇ ਬਾਖੂਬੀ ਨਿਭਾਈ ।

# ਇੰਗਲੈਂਡ ਦੀ ਪੁਲੀਸ ਪੰਜਾਬ ਪੁਲੀਸ ਦਾ ਪ੍ਰਭਾਵ ਨਾ ਕਬੂਲੇ-ਜਸਟਿਸ ਬੈਂਸ



ਚੰਡੀਗੜ੍ਹ-ਮਨੁੱਖੀ ਅਧਿਕਾਰ ਸੰਗਠਨ ਦੇ ਚੇਅਰਮੈਨ ਜਸਟਿਸ ਅਜੀਤ ਸਿੰਘ ਬੈਂਸ ਨੇ ਰੁਲਦਾ ਕਤਲਕਾਂਡ ਇੰਗਲੈਂਡ ਵਿਖੇ ਸਿੱਖ ਪਰਿਵਾਰਾਂ ਦੀ ਫੜੋ ਫੜੀ ਦੀ ਨਿਖੇਧੀ ਕਰਦਿਆਂ ਇੰਗਲੈਂਡ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਸਬੂਤਾਂ ਤੋਂ ਇੰਗਲੈਂਡ ਚ ਸਿੱਖ ਪਰਿਵਾਰਾਂ ਨੂੰ ਤੰਗ ਕਰਨਾ ਬੰਦ ਕਰਨ ਅਤੇ ਭਾਰਤੀ ਪੁਲੀਸ ਦਾ ਪ੍ਰਭਾਵ ਨਾ ਕਬੂਲਣ ਜੋ ਕਿ ਘੱਟ ਗਿਣਤੀਆਂ ਤੇ ਖਾਸ ਕਰਕੇ ਸਿੱਖਾਂ ਦੇ ਮਨੁੱਖੀ ਅਧਿਕਾਰਾਂ ਦਾ ਘਾਣ ਕਰਦੀ ਰਹੀ ਹੈ। ਪੰਜਾਬ ਵਿੱਚ 25 ਹਜ਼ਾਰ ਲਾਵਾਰਸ ਲਾਸ਼ਾਂ ਦਾ ਸੁਪਰੀਮ ਕੋਰਟ ਵਿੱਚ ਚੱਲਦਾ ਕੇਸ ਇਸ ਗੱਲ ਦਾ ਗਵਾਹ ਹੈ। ਪੰਜਾਬ ਪੁਲੀਸ ਹਮੇਸ਼ਾ ਝੂਠੀਆਂ ਕਹਾਣੀਆਂ ਘੜਨ ਅਤੇ ਸਿੱਖ ਨੌਜਵਾਨਾਂ ਨੂੰ ਅੱਤਵਾਦੀ ਬਣਾ ਕੇ ਪੇਸ਼ ਕਰਨ ਵਿੱਚ ਮਾਹਿਰ ਰਹੀ ਹੈ। ਇੰਗਲੈਂਡ ਦੀ ਸਰਕਾਰ ਨੂੰ ਇਹ ਸਾਰੇ ਮਾਮਲੇ ਘੋਖਣੇ ਚਾਹੀਦੇ ਹਨ ਤੇ ਆਪ ਇਸ ਸਾਰੇ ਮਾਮਲੇ ਦੀ ਜਾਂਚ ਪੜਤਾਲ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਪੁਲੀਸ ਡੰਡੇ ਨਾਲ ਗ੍ਰਿਫ਼ਤਾਰ ਕੀਤੇ ਸਿੱਖ ਨੌਜਵਾਨਾਂ ਤੋਂ ਇੰਗਲੈਂਡ ਦੇ ਸਿੱਖਾਂ ਦੇ ਨਾਮ ਬਕਾਅ ਰਹੀ ਹੈ।

# ਨਿੰਦਰ ਘੁਗਿਆਣਵੀ ਦਾ ਸਨਮਾਨ ਤੇ ਸੰਤੋਖ ਸਿੰਘ ਧੀਰ ਬਾਰੇ ਪੁਸਤਕ ਰਿਲੀਜ਼



**ਨਿੰਦਰ ਘੁਗਿਆਣਵੀ ਦਾ ਸਨਮਾਨ ਕਰਨ ਸਮੇਂ ਰਾਣੀ, ਮੋਹਨ ਮਹੇੜੂ, ਇੰਦਰਜੀਤ ਸਿੰਘ ਜੀਤ, ਚੰਨ ਜੰਡਿਆਲਵੀ**

ਵੁਲਵਰਹੈਂਪਟਨ (ਤਜਿੰਦਰ ਮਨਚੰਦਾ)-ਪੰਜਾਬੀ ਸਾਹਿਤ ਸਭਾ ਵੁਲਵਰਹੈਂਪਟਨ ਵੱਲੋਂ ਮੂਰ ਫੀਲਡ ਰੋਡ ਉੱਤੇ ਸਥਿਤ ਪੰਜਾਬੀ ਭਵਨ ਵਿਖੇ ਇੱਕ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਭਾਰਤ ਤੋਂ ਇੰਗਲੈਂਡ ਦੀ ਯਾਤਰਾ ਉੱਤੇ ਪੁੱਜੇ ਉੱਘੇ ਲੇਖਕ ਤੇ ਪੱਤਰਕਾਰ ਨਿੰਦਰ ਘੁਗਿਆਣਵੀ ਨੂੰ ਪਾਠਕਾਂ ਅਤੇ ਦਰਸ਼ਕਾਂ ਦੇ ਰੂਬਰੂ ਸਮੇਂ ਉਹਨਾਂ ਦਾ ਸਨਮਾਨ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿੱਚ ਸੰਤੋਖ ਹੇਅਰ, ਰਾਣੀ ਗ੍ਰਾਹਮ, ਮਨਮੋਹਨ ਸਿੰਘ ਮਹੇੜੂ ਅਤੇ ਨਿੰਦਰ ਘੁਗਿਆਣਵੀ ਸ਼ਾਮਿਲ ਸਨ। ਇੰਦਰਜੀਤ ਸਿੰਘ ਜੀਤ ਨੇ ਜੀ ਆਇਆਂ ਕਹਿੰਦਿਆਂ ਮਹਿਮਾਨ ਲੇਖਕ ਦੀ ਜਾਣ-ਪਛਾਣ ਕਰਵਾਈ। ਇਸ ਸਮਾਗਮ ਵਿੱਚ ਮਰਹੂਮ ਲੇਖਕ ਸੰਤੋਖ ਸਿੰਘ ਧੀਰ ਨਾਲ ਆਪਣੀਆਂ ਅਭੁੱਲ ਯਾਦਾਂ ਉੱਤੇ ਅਧਾਰਿਤ ਨਿੰਦਰ ਘੁਗਿਆਣਵੀ ਦੀ ਲਿਖੀ ਕਿਤਾਬ 'ਮੇਰੇ ਹਿੱਸੇ ਦਾ ਧੀਰ' ਰਿਲੀਜ਼ ਕੀਤੀ ਗਈ। ਇਸ ਮੌਕੇ 'ਤੇ ਧੀਰ ਜੀ ਦੇ ਦੋਸਤ ਗੁਰਦਿਆਲ ਸਿੰਘ ਗੁਰੂ ਨੇ ਧੀਰ ਜੀ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਮੰਚ ਸੰਚਾਲਨ ਕਰ ਰਹੇ ਸ਼ਾਇਰ ਨਿਰਮਲ ਸਿੰਘ ਕੰਧਾਲਵੀ ਨੇ ਕਰਮਵਾਰ ਹਰਭਜਨ ਸਿੰਘ ਜਰਮਨੀ, ਮਨਮੋਹਨ ਮਹੇੜੂ, ਅਨੰਦ, ਚੰਨ ਜੰਡਿਆਲਵੀ, ਸੰਤੋਖ ਹੇਅਰ ਆਦਿ ਨੂੰ ਮੰਚ 'ਤੇ ਪੇਸ਼ ਕੀਤਾ, ਜਿੰਨ੍ਹਾਂ ਨੇ ਘੁਗਿਆਣਵੀ ਦੀਆਂ ਲਿਖ਼ਤਾਂ ਅਤੇ ਸੰਗੀਤ ਕਲਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਰਾਮ ਸਰੂਪ ਅਣਖੀ ਦੀ ਭੈਣ ਰਾਣੀ ਗ੍ਰਾਹਮ ਨੇ ਆਪਣੇ ਭਾਸ਼ਨ ਵਿੱਚ ਸ੍ਰੀ ਅਣਖੀ ਨੂੰ ਵੀ ਯਾਦ ਕੀਤਾ ਅਤੇ ਕਿਹਾ ਕਿ ਉਹ ਅਣਖੀ ਦੀਆਂ ਲਿਖ਼ਤਾਂ ਵਾਂਗ ਘੁਗਿਆਣਵੀ ਦੀਆਂ ਲਿਖਤਾਂ ਵੀ ਬੜੀ ਦਿਲਚਸਪੀ ਨਾਲ ਪੜ੍ਹਦੇ ਹਨ। ਇਸ ਮੌਕੇ ਘੁਗਿਆਣਵੀ ਨੇ ਸਰੋਤਿਆਂ ਤੇ ਪਾਠਕਾਂ ਦੇ ਰੂਬਰੂ ਹੁੰਦਿਆਂ ਜਿੱਥੇ ਆਪਣੀਆਂ ਰਚਨਾਵਾਂ ਬਾਰੇ ਜਾਣਕਾਰੀ ਦਿੱਤੀ, ਉੱਥੇ ਉਹਨਾਂ ਆਪਣੇ ਉਸਤਾਦ ਯਮਲਾ ਜੱਟ ਤੋਂ ਲੈ ਕੇ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਨਾਲ ਬਿਤਾਏ ਪਲਾਂ ਨੂੰ ਵੀ ਯਾਦ ਕੀਤਾ। ਉਹਨਾਂ ਨੇ ਆਪਣੀ ਕਿਤਾਬ 'ਮੈਂ ਸਾਂ ਜੱਜ ਦਾ ਅਰਦਲੀ' ਦੀ ਸਿਰਜਣਾ ਸਬੰਧੀ ਦੱਸਿਆ ਤੇ ਨਿਆਂ ਪਾਲਿਕਾ ਵਿੱਚ ਕੀਤੀ ਆਪਣੀ ਅਰਦਲੀ ਦੀ ਨੌਕਰੀ ਬਾਰੇ ਚਾਨਣ ਪਾਉਣ ਸਮੇਂ ਦਰਸ਼ਕਾਂ ਨੂੰ ਹੱਸਣ ਲਈ ਮਜਬੂਰ ਕੀਤਾ ਤੇ ਨਾਲ ਹੀ ਸੋਚਣ ਵੀ ਲਗਾਇਆ ਕਿ ਉਸ ਨਾਲ ਇਨਸਾਫ਼ ਦੇ ਮੰਦਰ ਵਿੱਚ ਬੇਇਨਸਾਫੀ ਹੋਈ ਤੇ ਉਹ ਅਰਦਲੀ ਦੀ ਨੌਕਰੀ ਛੱਡ ਕੇ ਕੁਲ-ਵਕਤੀ ਕਲਮਕਾਰ ਬਣ ਗਿਆ। ਉਸਨੇ ਇਸ ਸਮੇਂ ਤੂੰਬੀ ਨਾਲ ਲੋਕ-ਗਾਥਾ ਸੋਹਣੀ ਮਹੀਂਵਾਲ ਦੀ ਪੇਸ਼ਕਾਰੀ ਕਰਕੇ ਯਮਲਾ ਜੱਟ ਦੀ ਯਾਦ ਤਾਜ਼ਾ ਕੀਤੀ। ਪੰਜਾਬੀ ਸਾਹਿਤ ਸਭਾ ਵੱਲੋਂ ਨਿੰਦਰ ਘੁਗਿਆਣਵੀ ਨੂੰ ਸਨਮਾਨ-ਪੱਤਰ ਭੇਂਟ ਕਰਨ ਦੀ ਰਸਮ ਚੰਨ ਜੰਡਿਆਲਵੀ, ਜੰਡੂ ਲਿੱਤਰਾਂ ਵਾਲਾ, ਮਨਜੀਤ ਕਮਲਾ ਤੇ ਇੰਦਰਜੀਤ ਸਿੰਘ ਜੀਤ ਨੇ ਨਿਭਾਈ। ਇਸ ਸਮਾਗਮ ਵਿੱਚ ਦੋ ਦਰਜਨ ਕਵੀਆਂ ਨੇ ਆਪੋ-ਆਪਣੇ ਕਲਾਮ ਪੇਸ਼ ਕੀਤੇ।

# ਦੁਨੀਆਂ ਭਰ 'ਚ ਜੂਨ ਹੁਣ ਤੱਕ ਦਾ ਸਭ ਤੋਂ ਗਰਮ ਮਹੀਨਾ

ਲੁਧਿਆਣਾ-ਦੁਨੀਆਂ ਭਰ ਵਿੱਚ ਪੌਣ-ਪਾਣੀ ਦੀ ਤਬਦੀਲੀ ਕਾਰਨ ਬੀਤਿਆ ਜੂਨ ਮਹੀਨਾ ਧਰਤੀ ਦਾ ਹੁਣ ਤੱਕ ਦਾ ਸਭ ਤੋਂ ਗਰਮ ਮਹੀਨਾ ਰਿਹਾ। ਅਮਰੀਕਾ ਦੇ ਕੌਮੀ ਹਵਾ ਮੰਡਲ ਪ੍ਰਸ਼ਾਸਨ ਦੇ ਅੰਕੜਿਆਂ ਅਨੁਸਾਰ ਇਸ ਨਾਲ ਜਨਵਰੀ ਤੋਂ ਜੂਨ ਅਤੇ ਅਪ੍ਰੈਲ ਤੋਂ ਜੂਨ ਦਰਮਿਆਨ ਧਰਤੀ 'ਤੇ ਸਮੁੰਦਰ ਦਾ ਮਿਲਿਆ-ਜੁਲਿਆ ਤਾਪਮਾਨ ਬੀਤੇ ਸਭ ਰਿਕਾਰਡ ਤੋੜ ਗਿਆ। 1880 ਤੋਂ ਬਾਅਦ ਅਜਿਹਾ ਪਹਿਲੀ ਵਾਰ ਹੋਇਆ ਹੈ, ਜਦੋਂ ਇੰਨੀ ਗਰਮੀ ਪਈ।


ਜੇ. ਐਸ. ਵਿੰਡੋਜ਼ ਲਿਮਟਿਡ
10 YEARS GUARANTEE

ਬਰਤਾਨੀਆ ਭਰ ਵਿਚ ਡਬਲ ਗਲੇਜ਼ਿੰਗ, ਪੈਟੀਓ ਡੋਰਜ਼ ਅਤੇ ਹੋਰ ਬਿਲਡਿੰਗ ਕੰਮਾਂ ਲਈ ਸਾਡੇ ਚਿਰਾਂ ਦੇ ਤਜ਼ਰਬਿਆਂ ਦਾ ਲਾਭ ਉਠਾਓ । ਸ਼ਾਪ ਫਿਟਿੰਗ ਅਤੇ ਡਬਲ ਗਲੇਜ਼ਿੰਗ ਦੇ ਮਾਹਿਰ ਜੇ ਐਸ ਵਿੰਡੋਜ਼ ਦੇ ਮਾਲਕ ਸ: ਜਸਵੀਰ ਸਿੰਘ ਹਰ ਕੰਮ ਆਪਣੀ ਨਿੱਜੀ ਦੇਖ ਰੇਖ ਹੇਠ ਕਰਦੇ ਹਨ । ਦਾਮ ਤਾਂ ਵਾਜਬ ਹੀ ਹੁੰਦੇ ਹਨ ਅਤੇ ਹਰ ਕੰਮ ਦੀ ਪੂਰੀ ਗਾਰੰਟੀ ਵੀ ਹੁੰਦੀ ਹੈ । ਮੁਫ਼ਤ ਕੁਟੇਸ਼ਨ ਦੇ ਲਈ ਇਕ ਵਾਰੀ ਜ਼ਰੂਰ ਫੋਨ ਕਰੋ ਜਾਂ ਤਸ਼ਰੀਫ ਲੈ ਆਓ ।



* FREE ESTIMATES * QUICK SERVICE
* ALL WORKS GURANTEED * JOB UNDERTAKEN
*FOR FREE ESTIMATE PLEASE RING : S. JASBIR SINGH*

J.S. WINDOWS Ltd.
BETAM ROAD, HAYES, MIDDX.UB3 1SR
TEL : 0208-561-7791 FAX: 0208-561-8080
M : 07956-834631 / FREE Phone: 0800-169-5505